# ਸ਼ੀਟ ਮੈਟਲ ਵਰਕਰ




## ਇਸ ਕਿੱਤੇ ਬਾਰੇ

ਸ਼ੀਟ ਮੈਟਲ ਵਰਕਰ ਵੱਖ ਵੱਖ ਪ੍ਰੋਜੈਕਟਾਂ ਦੀ ਪਲੈਨ ਬਣਾਉਂਦੇ ਹਨ, ਘੜਦੇ ਹਨ, ਜੋੜਦੇ ਹਨ, ਵੈਲਡ ਕਰਦੇ ਹਨ, ਇਨਸਟਾਲ ਕਰਦੇ ਹਨ ਅਤੇ ਸਰਵਿਸ ਕਰਦੇ ਹਨ ਜਿਵੇਂ ਕਿ ਐੱਚ ਵੀ ਏ ਸੀ (ਹੀਟਿੰਗ, ਵੈਂਟੀਲੇਸ਼ਨ ਅਤੇ ਏਅਰ ਕੰਡੀਸ਼ਨਿੰਗ), ਇੰਡਸਟਰੀਅਲ, ਰਸੋਈ ਅਤੇ ਹਸਪਤਾਲ ਦਾ ਸਾਜ਼-ਸਾਮਾਨ ਅਤੇ ਆਰਕੀਟੈਕਚਰਲ ਕੰਮ। ਸ਼ੀਟ ਮੈਟਲ ਵਰਕਰ ਨੂੰ ਟਰੇਡ ਵਿਚ ਸ਼ਾਮਲ ਵੱਖ ਵੱਖ ਕੰਮਾਂ ਨੂੰ ਪੂਰਾ ਕਰਨ ਲਈ ਬਹੁਤ ਹੀ ਖਾਸ ਅਤੇ ਨਵੇਂ ਹੁਨਰਾਂ ਦੀ ਲੋੜ ਹੁੰਦੀ ਹੈ।

“ਮੇਰਾ ਕੰਮ ਸਰੀਰਕ ਤੌਰ `ਤੇ ਔਖਾ ਹੋ ਸਕਦਾ ਹੈ ਅਤੇ ਮੈਨੂੰ ਕ੍ਰੀਏਟਿਵ ਹੋਣ ਦੀ ਲੋੜ ਹੁੰਦੀ ਹੈ। ਮੈਨੂੰ ਇਹ ਬਹੁਤ ਪਸੰਦ ਹੈ।"

**$42.00-$50.00 /ਪ੍ਰਤੀ ਘੰਟਾ**

**8,100+**

+ ਸਾਲ 2029 ਤੱਕ ਕਨਸਟਰੱਕਸ਼ਨ ਵਰਕਰਾਂ ਦੀਆਂ ਅਨੁਮਾਨਿਤ ਰਿਟਾਇਰਮੈਂਟਾਂ*

**BuildForce Canada*

ਘੰਟਿਆਂ ਦੀ ਤਨਖਾਹ, ਬੈਨੇਫਿਟਸ, ਪੈਨਸ਼ਨ ਅਤੇ ਹੋਰ ਲਈ ਲੋਕਲ ਯੂਨੀਅਨ ਨਾਲ ਸੰਪਰਕ ਕਰੋ।

- ਤੁਸੀਂ ਆਪਣੇ ਹੱਥਾਂ ਅਤੇ ਮਸ਼ੀਨਰੀ ਨਾਲ ਕੰਮ ਕਰਨਾ ਪਸੰਦ ਕਰਦੇ ਹੋ।
- ਤੁਸੀਂ ਕ੍ਰੀਏਟਿਵ ਹੋ ਅਤੇ ਤੁਹਾਡੇ ਕੋਲ ਵੇਰਵੇ ਦੀ ਸੂਝ ਹੈ।
- ਤੁਸੀਂ ਡਰਾਇੰਗ ਤੋਂ ਇਹ ਦੇਖ ਸਕਦੇ ਹੋ ਕਿ ਫਿਨਿਸ਼ ਹੋਈ ਚੀਜ਼ ਕਿਵੇਂ ਲੱਗੇਗੀ।

## ਜ਼ਿੰਮੇਵਾਰੀਆਂ

- ਬਲੂਪ੍ਰਿੰਟਸ, ਡਰਾਇੰਗਜ਼ ਅਤੇ ਨਕਸ਼ਿਆਂ ਨੂੰ ਪੜ੍ਹਨਾ
- ਲੱਕੜੀ ਜਾਂ ਲੱਕੜੀ ਦੇ ਬਦਲਾਂ ਤੋਂ ਬਣੀ ਸਾਮੱਗਰੀ ਨੂੰ ਨਾਪਣਾ, ਕੱਟਣਾ ਅਤੇ ਜੋੜਨਾ
- ਟ੍ਰਿਮ, ਦਰਵਾਜ਼ੇ, ਪੌੜੀਆਂ, ਮੋਲਡਿੰਗ ਅਤੇ ਹਾਰਡਵੇਅਰ ਫਿੱਟ ਅਤੇ ਇਨਸਟਾਲ ਕਰਨਾ
- ਲੱਕੜੀ ਦੇ ਰਿਹਾਇਸ਼ੀ ਘਰਾਂ ਅਤੇ ਕਮਰਸ਼ੀਅਲ ਬਿਲਡਿੰਗ ਨੂੰ ਫਰੇਮ ਕਰਨਾ
- ਕੰਕਰੀਟ ਲਈ ਫੌਰਮਵਰਕ ਅਤੇ ਫਾਲਸਵਰਕ ਨੂੰ ਜੋੜਨਾ ਅਤੇ ਖੜ੍ਹਾ ਕਰਨਾ
- ਵੱਖ ਵੱਖ ਤਰ੍ਹਾਂ ਦੇ ਢਾਂਚਿਆਂ ਨੂੰ ਰੈਨੋਵੇਟ ਅਤੇ ਠੀਕ ਕਰਨਾ
- ਬਾਹਰੀ ਅਤੇ ਅੰਦਰਲੀਆਂ ਫਿਨਿਸ਼ ਸਾਮੱਗਰੀਆਂ ਇਨਸਟਾਲ ਕਰਨਾ (ਜਿਵੇਂ ਸਾਈਡਿੰਗ, ਵਿੰਡੋਜ਼, ਕੈਬਨਿਟਾਂ)

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਇੰਗਲਿਸ਼ 10
- ਮੈਥ 11 (ਪ੍ਰਿੰਸੀਪਲਜ਼)
- ਹਾਈ ਸਕੂਲ ਡਿਪਲੋਮੇ ਜਾਂ ਜੀ ਈ ਡੀ ਦੀ ਸਿਫਾਰਸ਼

**ਅਪਲਾਈ ਕਰਨ ਲਈ:**

smwtcs.ca ਵੈੱਬਸਾਈਟ `ਤੇ ਜਾਉ ਅਤੇ ਔਨਲਾਈਨ ਐਪਲੀਕੇਸ਼ਨ ਭਰਨ ਲਈ ਅਪਲਾਈ `ਤੇ ਕਲਿੱਕ ਕਰੋ। ਰਿਵੀਊ ਲਈ ਰੈਜ਼ਮੇ ਅਤੇ ਟ੍ਰਾਂਸਕ੍ਰਿਪਟਸ ਸਬਮਿਟ ਕਰੋ। ਟੈਕਨੀਕਲ ਟਰੇਨਿੰਗ ਲਈ ਅਸਾਇਨਮੈਂਟ ਤੋਂ ਪਹਿਲਾਂ ਸਕਿਲ ਅਸੈੱਸਮੈਂਟ ਮਿੱਥੀ ਜਾਵੇਗੀ।

**ਅਪਰੈਂਟਿਸਸ਼ਿਪ ਪ੍ਰੋਗਰਾਮ:**

ਤਕਰੀਬਨ 4 ਸਾਲ, ਅਰਜ਼ੀਕਰਤਾਵਾਂ ਲਈ ਇਵੈਲੂਏਸ਼ਨ ਦਾ ਇਮਤਿਹਾਨ ਲਿਖਣਾ ਜ਼ਰੂਰੀ ਹੈ; ਬਹੁਗਿਣਤੀ ਅਰਜ਼ੀਕਰਤਾ 1,600 ਘੰਟਿਆਂ ਤੱਕ ਦੀ ਪ੍ਰੀ-ਅਪਰੈਂਟਿਸਸ਼ਿਪ ਕਰਦੇ ਹਨ। ਰਜਿਸਟਰਡ ਅਪਰੈਂਟਿਸਿਜ਼ ਨੂੰ ਲੋਕਲ ਟਰੇਨਿੰਗ ਬੋਰਡ ਨਾਲ ਪਾਬੰਦ ਹੋਣਾ ਪੈਂਦਾ ਹੈ। ਪਾਬੰਦ ਅਪਰੈਂਟਿਸਿਜ਼ ਸ਼ੀਟ ਮੈਟਲ ਵਰਕਰਜ਼ ਟਰੇਨਿੰਗ ਸੈਂਟਰ ਜਾਂ ਵੈਨਕੂਵਰ ਆਈਲੈਂਡ `ਤੇ ਕਾਮੋਸਨ ਕਾਲਜ ਵਿਖੇ 6 ਹਫਤਿਆਂ ਦੀ ਟੈਕਨੀਕਲ ਟਰੇਨਿੰਗ ਦੇ ਸੈਸ਼ਨਾਂ ਦੇ ਚਾਰ ਲੈਵਲਾਂ ਵਿਚ ਸ਼ਾਮਲ ਹੁੰਦੇ ਹਨ ਅਤੇ ਇੰਡਸਟਰੀ ਵਿਚ 6,400 ਘੰਟੇ ਪੂਰੇ ਕਰਦੇ ਹਨ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਕੰਪਿਊਟਰ ਅਤੇ ਸਮੱਸਿਆ ਦਾ ਹੱਲ ਕਰਨ ਦੇ ਹੁਨਰ
- ਮਕੈਨੀਕਲ ਰੁਚੀ ਅਤੇ ਇਹ ਜਗਿਆਸਾ ਕਿ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ
- ਸਰੀਰਕ ਤੌਰ `ਤੇ ਤੰਦਰੁਸਤ ਅਤੇ ਭਾਰ ਚੁੱਕਣ ਅਤੇ ਉੱਪਰ ਚੜ੍ਹਨ ਦੀ ਸਮਰੱਥਾ
- ਉਚਾਈਆਂ `ਤੇ ਕੰਮ ਕਰਨ ਦੀ ਸਮਰੱਥਾ

SHEET METAL INDUSTRY TRAINING BOARD • ESTABLISHED 1969 •

SHEET METAL WORKERS TRAINING CENTRE • EST. 1992

College of the BC Building Trades

## ਕੀ ਤੁਹਾਨੂੰ ਪਤਾ ਸੀ?

ਸ਼ੀਟ ਮੈਟਲ ਵਰਕਰ ਮੈਟਲ ਦੀਆਂ ਵੱਖ ਵੱਖ ਕਿਸਮਾਂ ਦੀ ਵਰਤੋਂ ਕਰਦੇ ਹੋਏ ਸਾਰੀਆਂ ਕਿਸਮਾਂ ਦੀਆਂ ਵਸਤਾਂ ਬਣਾਉਂਦੇ ਹਨ ਜਿਨ੍ਹਾਂ ਵਿਚ ਗੈਲਵੇਨਾਈਜ਼ਡ ਸਟੀਲ, ਕੌਪਰ, ਬਰਾਸ, ਨਿਕਲ, ਸਟੇਨਲੈੱਸ ਸਟੀਲ ਅਤੇ ਅਲੂਮਿਨੀਅਮ ਸ਼ਾਮਲ ਹਨ।

info@collegeofthebcbt.ca | www.collegeofthebcbt.ca